



ਐਕਸਟੈਨਸ਼ਨ ਸਪੈਸ਼ਲਿਸਟ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ

**ਫਾਰਮ ਸਲਾਹਕਾਰ ਸੇਵਾ ਸੰਸਥਾ**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਲੋਂ ਹੁਸ਼ਿਆਰਪੁਰ ਜ਼ਿਲ੍ਹੇ ਵਿਚ 1968 ਤੋਂ ਫਾਰਮ ਸਲਾਹਕਾਰ ਸੇਵਾ ਸੰਸਥਾ ਦਾ ਦਫ਼ਤਰ ਕੰਮ ਕਰ ਰਿਹਾ ਹੈ। ਅੱਜ ਕੱਲ੍ਹ ਇਹ ਦਫ਼ਤਰ ਖੇਤੀ ਭਵਨ ਹੁਸ਼ਿਆਰਪੁਰ ਵਿਖੇ ਸਥਿਤ ਹੈ। ਇਸ ਸੰਸਥਾ ਵਿਚ ਵੱਖੋ-ਵੱਖ ਵਿਸ਼ਿਆਂ ਦੇ ਮਾਹਿਰ ਵਿਗਿਆਨੀ ਜਿਵੇਂ ਕਿ ਬਾਗਬਾਨੀ, ਫਸਲ ਵਿਗਿਆਨੀ, ਭੂਮੀ ਵਿਗਿਆਨੀ, ਸਬਜ਼ੀਆਂ ਦੇ ਵਿਗਿਆਨੀ, ਅਰਥ ਵਿਗਿਆਨੀ ਅਤੇ ਫਸਲਾਂ ਦੇ ਬੂਟਿਆਂ ਦੀਆਂ ਬੀਮਾਰੀਆਂ ਅਤੇ ਕੀੜੇ ਮਕੌੜਿਆਂ ਦੀ ਰੋਕਥਾਮ ਦੇ ਵਿਗਿਆਨੀ ਆਦਿ ਕੰਮ ਕਰ ਰਹੇ ਹਨ। ਇਸ ਸੰਸਥਾ ਦੇ ਮੁੱਖ ਕੰਮ ਇਸ ਤਰ੍ਹਾਂ ਹਨ।

1. ਜ਼ਿਮੀਂਦਾਰ ਦੇ ਖੇਤਾਂ ਵਿਚ ਖੋਜੀ ਪਲਾਂਟ ਬੀਜਣੇ।
2. ਯੂਨੀਵਰਸਿਟੀ ਵਿਚ ਹੋ ਰਹੀਆਂ ਖੋਜਾਂ ਨੂੰ ਜ਼ਿਮੀਂਦਾਰਾਂ ਤੱਕ ਪਹੁੰਚਾਉਣਾ।
3. ਜ਼ਿਮੀਂਦਾਰਾਂ ਦੀ ਖੇਤੀ ਸਬੰਧੀ ਮੁਸ਼ਕਲਾਂ ਦਾ ਉਨ੍ਹਾਂ ਦੇ ਖੇਤਾਂ ਵਿਚ ਜਾ ਕੇ ਹੱਲ ਲੱਭਣਾ।
4. ਜ਼ਿਲ੍ਹੇ ਪੱਧਰ ਤੇ ਹੱਲ ਨਾ ਹੋ ਸਕਣ ਵਾਲੀਆਂ ਮੁਸ਼ਕਲਾਂ ਦਾ ਯੂਨੀਵਰਸਿਟੀ ਵਲੋਂ ਹੱਲ ਕਰਵਾਉਣ ਲਈ ਭੇਜਣਾ।
5. ਜ਼ਿਮੀਂਦਾਰਾਂ ਨੂੰ ਵੱਖਰੇ -ਵੱਖਰੇ ਵਿਸ਼ਿਆਂ ਸਬੰਧੀ ਟ੍ਰੇਨਿੰਗਾਂ, ਕੈਂਪਾਂ ਰਾਹੀਂ ਜਾਣਕਾਰੀ ਦੇਣਾ।
6. ਟੀ.ਵੀ., ਰੇਡੀਓ, ਅਖਬਾਰਾਂ ਅਤੇ ਰਸਾਲਿਆਂ ਰਾਹੀਂ ਨਵੀਆਂ ਤਕਨੀਕਾਂ ਜ਼ਿਮੀਂਦਾਰਾਂ ਤੱਕ ਪਹੁੰਚਾਉਣਾ।
7. ਜ਼ਿਮੀਂਦਾਰਾਂ ਨੂੰ ਖੇਤੀ ਸਬੰਧੀ ਜਾਣਕਾਰੀ ਉਨ੍ਹਾਂ ਦੇ ਖੇਤਾਂ ਵਿਚ ਜਾ ਕੇ ਅਤੇ ਦਫ਼ਤਰ ਵਿਚ ਆਏ ਹੋਏ ਜ਼ਿਮੀਂਦਾਰਾਂ ਨੂੰ ਜਾਣਕਾਰੀ ਦੇਣਾ।
8. ਖੇਤ ਦਿਵਸ ਪ੍ਰੋਗਰਾਮ ਰਾਹੀਂ ਜ਼ਿਮੀਂਦਾਰਾਂ ਨੂੰ ਨਵੀਆਂ ਸਿਫਾਰਸ਼ਾਂ ਰਾਹੀਂ ਜਾਣਕਾਰੀ।
9. ਮਿੱਟੀ ਪਰਖ, ਦਾਣਿਆਂ ਦੀ ਸਾਂਭ ਸੰਭਾਲ ਸਬੰਧੀ ਵਿਸ਼ੇਸ਼ ਮੁਹਿੰਮਾਂ ਚਲਾਉਣੀ।
10. ਯੂਨੀਵਰਸਿਟੀ ਵਲੋਂ ਛਾਪਿਆ ਸਾਹਿਤ ਜ਼ਿਮੀਂਦਾਰਾਂ ਤੱਕ ਪਹੁੰਚਾਉਣਾ।
11. ਵੱਖ-ਵੱਖ ਫਸਲਾਂ ਸਬੰਧੀ ਸਰਵੇਖਣ ਕਰਨੇ।
12. ਯੂਨੀਵਰਸਿਟੀ ਵਲੋਂ ਲਗਾਏ ਜਾਂਦੇ ਮੇਲਿਆਂ ਵਿਚ ਜ਼ਿਮੀਂਦਾਰਾਂ ਨੂੰ ਲਿਜਾ ਕੇ ਹੋ ਰਹੀਆਂ ਨਵੀਆਂ ਖੋਜਾਂ ਦਿਖਾਉਣਾ।
13. ਖੇਤੀ ਸਬੰਧੀ ਵਰਕਸ਼ਾਪ ਸੈਮੀਨਾਰਾਂ ਵਿਚ ਭਾਗ ਲੈਣਾ।
14. ਪਲਾਂਟ ਕਲੀਨਿਕ ਪ੍ਰੋਗਰਾਮ ਅਧੀਨ ਫਸਲਾਂ ਤੇ ਬੂਟਿਆਂ ਦੇ ਰੋਗਾਂ ਦਾ ਪਤਾ ਲਗਾਉਣਾ।
15. ਜ਼ਿਮੀਂਦਾਰਾਂ ਲਈ ਬੂਟਿਆਂ ਤੇ ਫਸਲਾਂ ਦੇ ਬੀਜਾਂ ਦਾ ਪ੍ਰਬੰਧ ਕਰਨਾ।
16. ਯੂਨੀਵਰਸਿਟੀ ਅਤੇ ਜ਼ਿਲ੍ਹਾ ਪੱਧਰ ਦੀਆਂ ਮੀਟਿੰਗਾਂ ਵਿਚ ਹਿੱਸਾ ਲੈਣਾ।

**ਕ੍ਰਿਸ਼ੀ ਵਿਗਿਆਨ ਕੇਂਦਰ ਪਿੰਡ ਬਾਹੋਵਾਲ**

ਕ੍ਰਿਸ਼ੀ ਵਿਗਿਆਨ ਕੇਂਦਰ ਪਿੰਡ ਬਾਹੋਵਾਲ ਨਜ਼ਦੀਕ ਮਾਹਿਲਪੁਰ ਦੀ ਸਥਾਪਨਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ 1992 ਵਿਚ ਕੀਤੀ ਗਈ। ਇਹ ਕੇਂਦਰ ਉਸ ਸਮੇਂ ਤੋਂ ਲਗਾਤਾਰ ਖੇਤੀ ਵਿਗਿਆਨੀਆਂ ਅਤੇ

ਜ਼ਿਮੀਂਦਾਰਾਂ ਨੂੰ ਟ੍ਰੇਨਿੰਗ ਰਾਹੀਂ ਖੇਤੀ ਸਬੰਧੀ ਆਧੁਨਿਕ ਜਾਣਕਾਰੀ ਦੇ ਰਿਹਾ ਹੈ। ਇਸ ਵਿੱਚ ਸਹਿਯੋਗੀ ਨਿਰਦੇਸ਼ਕ (ਸਿਖਲਾਈ) ਬਤੌਰ ਕੇਂਦਰੀ ਮੁੱਖੀ ਵਜੋਂ ਸੇਵਾਵਾਂ ਨਿਭਾ ਰਹੇ ਹਨ। ਜਦੋਂ ਕਿ ਗ੍ਰਹਿ ਵਿਗਿਆਨ, ਖੇਤੀ ਇੰਜੀਨੀਅਰਿੰਗ, ਪਸਾਰ ਸਿੱਖਿਆ, ਪਸ਼ੂ ਵਿਗਿਆਨ, ਫਸਲ ਵਿਗਿਆਨ, ਪੌਦ ਸੁਰੱਖਿਆ ਆਦਿ ਵਿਸ਼ਿਆਂ ਦੇ ਵਿਗਿਆਨੀ ਬਤੌਰ ਸਹਾਇਕ ਪ੍ਰੋਫੈਸਰ ਦੇ ਕੰਮ ਕਰ ਰਹੇ ਹਨ।

**ਮੁੱਖ ਉਦੇਸ਼**

1. ਵੱਖ-ਵੱਖ ਵਿਭਾਗਾਂ ਵਿਚ ਕੰਮ ਕਰਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸੇਵਾਕਾਲੀਨ ਸਿਖਲਾਈ ਦੇਣਾ।
2. ਇਲਾਕੇ ਦੇ ਕਿਸਾਨਾਂ ਅਤੇ ਬੀਬੀਆਂ ਨੂੰ ਖੇਤੀ ਸਬੰਧੀ ਵੱਖ-ਵੱਖ ਵਿਸ਼ਿਆਂ ਤੇ ਟ੍ਰੇਨਿੰਗ ਦੇਣਾ, ਜਿਨ੍ਹਾਂ ਵਿਚੋਂ ਫਸਲ ਉਤਪਾਦਨ, ਪੌਦ ਸੁਰੱਖਿਆ, ਬਾਗਵਾਨੀ, ਗ੍ਰਹਿ ਵਿਗਿਆਨ, ਪਸ਼ੂ ਵਿਗਿਆਨ, ਖੇਤੀ ਇੰਜੀਨੀਅਰਿੰਗ, ਖੁੰਬਾਂ ਦੀ ਖੇਤੀ, ਮੱਛੀ ਪਾਲਣਾ, ਸ਼ਹਿਦ ਦੀ ਮੱਖੀ ਪਾਲਣਾ ਆਦਿ ਵਿਸ਼ੇਸ਼ ਮਹੱਤਤਾ ਰੱਖਦੀਆਂ ਹਨ।
3. ਕਿਸਾਨ ਮੇਲਿਆਂ ਸਮੇਂ ਕਿਸਾਨ ਬੀਬੀਆਂ ਅਤੇ ਜ਼ਿਮੀਂਦਾਰਾਂ ਲਈ ਨੁਮਾਇਸ਼ਾਂ ਲਗਾਣੀਆਂ।
4. ਪਸ਼ੂ ਚਕਿਤਸਾ ਕੈਂਪ ਲਗਾਉਣੇ।
5. ਕਿਸਾਨ ਕਲੱਬਾਂ ਦੀ ਸਥਾਪਨਾ ਸਕੀਮ ਅਧੀਨ ਸਵੈ-ਰੋਜ਼ਗਾਰ ਲਈ ਕਿਸਾਨਾਂ ਨੂੰ ਤਿਆਰ ਕਰਨਾ।
6. 10 ਰੋਜ਼ਾ ਟ੍ਰੇਨਿੰਗ ਕੈਂਪਾਂ ਦਾ ਪ੍ਰਬੰਧ ਕਰਨਾ ਜਿਸ ਵਿਚ ਜ਼ਿਮੀਂਦਾਰ ਭਰਾਵਾਂ ਅਤੇ ਕਿਸਾਨ ਬੀਬੀਆਂ ਨੂੰ ਅਮਲੀ ਸਿੱਖਿਆ ਦੇਣਾ।